# डीएवी इंटरनैशनल स्कूल के विद्यार्थी घर बैठे कर रहे ऑनलाइन पढ़ाई

अमृतसर, 7 अप्रैल (राजेश कुमार) : कोरोना वायरस के चलते सभी कामकाज लगभग बंद हो गए है। इसका बुरा प्रभाव शिक्षण के क्षेत्र पर भी पड़ा है। नव सत्र प्रारंभ होने से पूर्व ही स्कूलों में अनिश्चिकालीन अवकाश घोषित कर दिया गया है। विद्यार्थियों की शिक्षा को आगे बढ़ाने के लिए डीएवी इंटरनैशनल स्कूल के शिक्षकों ने आर्य रत्न डा. पूनम सूरी प्रधान डीएवी प्रबंधकृर्त समिति नई दिल्ली के आदेशों पर प्रिं. डा. अंजना गुप्ता के निर्देशन में आनलाइन शिक्षा प्रदान करना शुरू कर दिया है। विद्यार्थियों को विज्ञान की नई-नई तकनीकों के जरिये शिक्षा प्रदान की जा रही है। घर बैठे ही विद्यार्थियों के साथ सम्पर्क कर उन्हें प्रत्येक विषय पर विस्तृत जानकारी दी जा रही है और उनकी समस्याओं का समाधान किया जा रहा है।



डा. पूनम सूरी।

PB/JL-053/2019-21

ਰੋਜ਼ਾਨਾ ਪੰਜਾਬ ਟਾਇਮਜ਼

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥

Leading Punjabi daily PUNJAB TIMES

way to progress

RNI REGD NO : PUNPUN/2005/15199 | ਸਭ ਦਾ ਅਖ਼ਬਾਰ | Published from India & USA | C.E.O. Rupinder Kaur Email : dailypunjabtimes@gmail.com

ਰੋਜ਼ਾਨਾ 'ਪੰਜਾਬ ਟਾਇਮਜ਼' ਜਲੰਧਰ, Jalandhar : 9/4/2020 Thursday ਵੀਰਵਾਰ, 9 ਅਪ੍ਰੈਲ 2020, 27 ਚੇਤ, ਨਾਨਕਸ਼ਾਹੀ ਸੰਮਤ 552

# ਡੀ.ਏ.ਵੀ. ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਕਰ ਰਹੇ ਨੇ ਆਨਲਾਈਨ ਪੜ੍ਹਾਈ

ਪੰਜਾਬ ਟਾਇਮਜ਼ ਖ਼ਬਰ

ਅੰਮ੍ਰਿਤਸਰ, 8 ਅਪ੍ਰੈਲ (ਦਵਾਰਕਾ ਨਾਥ ਰਾਣਾ)-ਅਜੋਕੇ ਸਮੇਂ ਦੀ ਸਭ ਤੋਂ ਵੱਡੀ ਮੁਸੀਬਤ ਕਰੋਨਾ ਮਹਾਂਮਾਰੀ ਜਿਸ ਨੇ ਸਾਰੇ ਹਿੰਦੁਸਤਾਨ ਨੂੰ ਹੀ ਨਹੀਂ ਬਲਕਿ ਸਾਰੇ ਵਿਸ਼ਵ ਨੂੰ ਘਰ ਦੇ ਅੰਦਰ ਬੰਦ ਰਹਿਣ ਲਈ ਮਜਬੂਰ ਕਰ ਦਿੱਤਾ ਹੈ ਇਸ ਦਾ ਸਭ ਤੋਂ ਬੁਰਾ ਅਸਰ ਸਿੱਖਿਆ ਦੇ ਖੇਤਰ ਵਿੱਚ ਪਿਆ ਹੈ ਨਵਾਂ ਸਤਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਕੂਲਾਂ ਵਿੱਚ ਅਣਮਿੱਥੇ ਸਮੇਂ ਲਈ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ ਵਿਦਿਆਰਥੀਆਂ ਦੀਆਂ ਸਿੱਖਿਆ ਨੂੰ ਅੱਗੇ ਲਗਾਤਾਰ ਅੱਗੇ ਵਧਾਉਣ ਦੇ ਲਈ ਡੀ.ਏ.ਵੀ. ਇੰਟਰਨੈਸ਼ਨਲ ਸਕੂਲ ਦੇ ਅਧਿਆਪਕਾਂ ਨੇ ਆਰੀਆ ਰਤਨ ਪਦਮਸ੍ਰੀ ਨਾਲ ਸਨਮਾਨਿਤ ਡਾ. ਪੂਨਮ ਸ਼ੂਰੂ ਜੀ ਪ੍ਰਧਾਨ ਡੀਏਵੀ ਪ੍ਰਬੰਧਕਤਰੀ ਸੰਮਤੀ ਨਵੀਂ ਦਿੱਲੀ ਦੇ ਅਸ਼ੀਰਵਾਦ ਨਾਲ ਅਤੇ ਸਕੂਲ ਦੇ ਪ੍ਰਿੰਸੀਪਲ ਡਾ. ਅੰਜਨਾ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਆਨਲਾਈਨ ਸਿੱਖਿਆ ਦਾ ਪ੍ਰਸਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਪ੍ਰਿੰਸੀਪਲ ਡਾਕਟਰ ਅੰਜਨਾ ਗੁਪਤਾ ਨੇ ਦੱਸਿਆ ਕਿ



ਸੀ.ਬੀ.ਐੱਸ.ਈ ਦੇ ਨਿਰਦੇਸ਼ਾਂ ਅਨੁਸਾਰ ਵਿਗਿਆਨ ਦੀਆਂ ਨਵੀਆਂ ਨਵੀਆਂ ਤਕਨੀਕਾਂ ਦਾ ਉਪਯੋਗ ਕਰਦੇ ਹੋਏ ਵੱਖ ਵੱਖ ਢੰਗਾਂ ਨਾਲ ਜਿਵੇਂ ਕਿ ਸਨੈਪਹੋਮਵਰਕ, ਜ਼ੂਮ ਐਪ, ਵਟਸਐਪ,ਯੂ ਟਿਊਬ ਦੇ ਜ਼ਰੀਏ ਸਿੱਖਿਆ ਦਿੱਤੀ ਜਾ ਰਹੀ ਹੈ, ਅਤੇ ਉਨ੍ਹਾਂ ਦੀ ਸਮੱਸਿਆਵਾਂ ਦਾ ਸਮਾਧਾਨ ਵੀ ਕੀਤਾ ਜਾਂਦਾ ਪਿਆ ਹੈ ਸੀ.ਬੀ.ਐੱਸ.ਈ ਦੇ ਹੋਰ ਢੰਗਾਂ ਨਾਲ ਦਿਕਸ਼ਾ, ਈ ਪਾਠਸ਼ਾਲਾ, ਆਈ.ਆਈ.ਟੀ ਪਲ, ਸਿੱਖਿਆ ਵਾਣੀ, ਅਤੇ ਸਵੰਯ ਪ੍ਰਭਾ ਦੇ ਨਾਲ ਬੱਚੇ ਬੜੀ ਆਸਾਨੀ ਦੇ ਨਾਲ ਸਿੱਖਿਆ ਹਾਸਿਲ ਕਰ ਰਹੇ ਹਨ ਨਵੇਂ ਨਵੇਂ ਤਰੀਕਿਆਂ ਦਾ ਇਸਤੇਮਾਲ ਕਰਕੇ ਵਿਦਿਆਰਥੀਆਂ ਚ ਬਹੁਤ ਜਿਆਦਾ ਜੋਸ਼ ਹੈ ਅਤੇ ਉਹ ਬੜੇ ਹੀ ਜੋਸ਼ ਨਾਲ ਆਪਣੀ ਪੜ੍ਹਾਈ ਕਰ ਰਹੇ ਹਨ ਪ੍ਰਿੰਸੀਪਲ ਡਾ ਅੰਜਨਾ ਗੁਪਤਾ ਨੇ ਇਹ ਵੀ ਕਿਹਾ ਕਿ ਇਸ ਮੁਸੀਬਤ ਨੇ ਸਾਨੂੰ ਘਰਾਂ ਵਿੱਚ ਬੰਦ ਕਰ ਦਿੱਤਾ ਹੈ ਲੇਕਿਨ ਇਹ ਅਭਿਸ਼ਾਪ ਸਾਡੇ ਲਈ ਵਰਦਾਨ ਵੀ ਸਿੱਧ ਹੋ ਰਿਹਾ ਹੈ ਇਸ ਦਾ ਸਕਾਰਾਤਮਕ ਪਹਿਲੂ ਦੇ ਦੇਖੋ ਤੇ ਇਸ ਸਮੇਂ ਸਾਨੂੰ ਆਪਣੇ ਪਰਿਵਾਰ ਅਤੇ ਬੱਚਿਆਂ ਦੇ ਨਾਲ ਅਧਿਕ ਉਪਯੋਗੀ ਕਰ ਸਕਦੇ ਹਨ ਬੱਚਿਆਂ ਨੂੰ ਘਰ ਦੇ ਛੋਟੇ ਛੋਟੇ ਕੰਮਾਂ ਦੇ ਵਿੱਚ ਹਿੱਸਾ ਲੈਣਾ ਸਿਖਾਉਣਾ ਉਨ੍ਹਾਂ ਨੂੰ ਆਤਮ ਨਿਰਭਰ ਬਣਾ ਸਕਦਾ ਹੈ ਉਨ੍ਹਾਂ ਨੂੰ ਪਰਿਵਾਰਕ ਅਹਿਮਿਅਤ ਸਿਖਾ ਸਕਦੇ ਹਨ, ਭੁੱਲੀਆਂ ਵੀਆਂ ਖੇਡਾਂ ਖੇਡੀਆਂ ਜਾ ਸਕਦੀਆਂ ਹਨ, ਕੁਦਰਤੀ ਅਤੇ ਵਾਤਾਵਰਣ ਵਿੱਚ ਹੋ ਰਹੇ ਸਕਾਰਤਮਕ ਪਰਿਵਰਤਨਾਂ ਦੇ ਬਾਰੇ ਚਰਚਾ ਕਰਕੇ ਉਨ੍ਹਾਂ ਨੂੰ ਸੰਵੇਦਨਸ਼ੀਲ ਬਣਾ ਸਕਦੇ ਹਨ ਉਨ੍ਹਾਂ ਨੇ ਕਿਹਾ ਕਿ ਇਸ ਸਮੇਂ ਸਾਨੂੰ ਸਾਰਿਆਂ ਨੂੰ ਪ੍ਰੈਸ ਤੰਦਰੁਸਤੀ ਦਾ ਵਿਸ਼ੇਸ਼ ਦਾ ਰੱਖਣਾ ਚਾਹੀਦਾ ਹੈ ਕਰੋਨਾ ਤੋਂ ਬਚਣ ਦੇ ਲਈ ਵਾਰ ਵਾਰ ਹੱਥ ਧੋਣਾ, ਸੈਨੀਟਾਈਜ਼ਰ ਦਾ ਇਸਤੇਮਾਲ ਕਰਨਾ ਅਤੇ ਮਾਸਕ ਲਗਾਣਾ ਆਦਿ ਨੂੰ ਆਪਣੀ ਆਦਤ ਬਣਾ ਲੈਣਾ ਚਾਹੀਦਾ ਹੈ ਬਾਰ ਬਾਰ ਗਰਮ ਪਾਣੀ ਪੀਣਾ ਚਾਹੀਦਾ ਹੈ ਅਤੇ ਇਸ ਦੇ ਨਾਲ ਲੌਂਗ ਇਲਾਚੀ ਅਤੇ ਹਲਦੀ ਦਾ ਵੀ ਲਗਾਤਾਰ ਇਸਤੇਮਾਲ ਕਰਨਾ ਚਾਹੀਦਾ ਹੈ ।